
# ਅਣਥੱਕ ਵਿਗਿਆਨੀ ਡਾ. ਅਬਦੁਲ ਕਲਾਮ

'ਮੇਰੇ ਮਰਨ ਉਪਰੰਤ ਛੁੱਟੀ ਦਾ ਐਲਾਨ ਨਾ ਕਰਨਾ। ਜੇਕਰ ਤੁਸੀਂ ਮੈਨੂੰ ਸੱਚ-ਮੁੱਚ ਪਿਆਰ ਕਰਦੇ ਹੋ ਤਾਂ ਉਸ ਦਿਨ ਵੱਧ ਤੋਂ ਵੱਧ ਕੰਮ ਕਰਨਾ।' ਇਹ ਸ਼ਬਦ ਕਹੇ ਸਨ ਭਾਰਤ ਦੇ ਸਾਬਕਾ ਰਾਸ਼ਟਰਪਤੀ ਅਤੇ ਵਿਗਿਆਨੀ ਸਵਰਗੀ ਡਾ. ਏ.ਪੀ.ਜੇ. ਅਬਦੁਲ ਕਲਾਮ ਨੇ। ਡਾ. ਕਲਾਮ ਦਾ ਜਨਮ ਭਾਰਤ ਦੇ ਤਾਮਿਲਨਾਡੂ ਸੂਬੇ ਦੇ ਰਮੇਸ਼ਵਰਮ ਵਿਚ ਧਨੁੱਸ਼ਕੋਡੀ ਵਿਖੇ ਇਕ ਮੁਸਲਿਮ ਪਰਿਵਾਰ ਵਿਚ ਹੋਇਆ। ਆਪ ਦੇ ਪਿਤਾ ਦਾ ਨਾਂ ਜੈਨੁਲਾਬੂਦੀਨ ਤੇ ਮਾਂ ਦਾ ਨਾਂ ਆਸ਼ਿਆਮਾ ਸੀ। ਇਹ ਇਕ ਸਾਧਾਰਨ ਪਰਿਵਾਰ ਸੀ। ਕਲਾਮ ਘਰ ਵਿਚ ਆਪਣੇ ਚਾਰ ਭਰਾਵਾਂ ਤੇ ਇਕ ਭੈਣ ਤੋਂ ਛੋਟੇ ਸਨ। ਕਲਾਮ ਦੇ ਪੁਰਖਿਆਂ ਦਾ ਕਿਸ਼ਤੀਆਂ ਦਾ ਚੰਗਾ-ਚੋਖਾ ਵਪਾਰ ਸੀ। ਪਰ ਕਾਰੋਬਾਰ ਵਿਚ ਘਾਟਾ ਪੈਣ ਕਾਰਨ ਉਹ ਕਾਫ਼ੀ ਗ਼ਰੀਬ ਹੋ ਗਏ। ਇਸ ਲਈ ਅਬੁਦਲ ਕਲਾਮ ਨੂੰ ਅਖ਼ਬਾਰ ਵੇਚ ਕੇ ਘਰ ਵਾਲਿਆਂ ਦੀ ਸਹਾਇਤਾ ਕਰਨੀ ਪਈ। ਸਕੂਲੀ ਪੜ੍ਹਾਈ ਦੌਰਾਨ ਕਲਾਮ ਇਕ ਸਾਧਾਰਨ ਵਿਦਿਆਰਥੀ ਸਨ। ਪਰ ਉਹ ਮਿਹਨਤੀ ਸਨ ਤੇ ਕੁਝ ਨਵਾਂ ਸਿੱਖਣ ਦੀ ਇੱਛਾ ਰੱਖਦੇ ਸਨ। ਉਨ੍ਹਾਂ ਦੀ ਅੰਕ-ਗਣਿਤ ਦੇ ਵਿਸ਼ੇ ਵਿਚ ਵਿਸ਼ੇਸ਼ ਰੁਚੀ ਸੀ। ਰਾਮਾਨਾਥਪੁਰਮ ਤੋਂ ਦਸਵੀਂ ਪਾਸ ਕਰਕੇ ਡਾ. ਕਲਾਮ ਨੇ ਤਰਿਚੁਰਾਪੱਲੀ (ਤਾਮਿਲਨਾਡੂ) ਵਿਖੇ ਸੇਂਟ ਜੋਸਫ਼ ਕਾਲਜ ਤੋਂ ਭੌਤਿਕ-ਵਿਗਿਆਨ (ਫ਼ਿਜ਼ਿਕਸ) ਵਿਚ ਬੀ.ਏ. ਪਾਸ ਕੀਤੀ।

ਵਿਗਿਆਨੀ ਵਜੋਂ ਡਾ. ਕਲਾਮ ਦਾ ਜੀਵਨ ਸੰਘਰਸ਼-ਭਰਪੂਰ ਰਿਹਾ। ਸੰਨ 1955 ਈ. ਵਿਚ ਆਪ ਪੁਲਾੜ ਵਿਦਿਆ ਲਈ ਮਦਰਾਸ (ਚੇਨੱਈ) ਇੰਸਟੀਚਿਊਟ ਆਫ਼ ਤਕਨਾਲੋਜੀ ਵਿਚ ਦਾਖ਼ਲ ਹੋ ਗਏ। ਉਹ ਭਾਰਤੀ ਹਵਾਈ ਫ਼ੌਜ ਦੇ ਜੰਗੀ ਜਹਾਜ਼ ਦਾ ਪਾਇਲਟ ਬਣਨ ਵਾਲੇ ਆਪਣੇ ਸੁਪਨੇ ਤੋਂ ਖੁੰਝ ਗਏ ਸਨ। 1960 ਈ. ਵਿਚ ਡਾ. ਕਲਾਮ ਬਤੌਰ ਵਿਗਿਆਨੀ ਰੱਖਿਆ ਖੋਜ ਤੇ ਵਿਕਾਸ ਸੰਸਥਾ (ਡੀ.ਆਰ.ਡੀ.ਓ.) ਵਿਚ ਸ਼ਾਮਲ ਹੋ ਗਏ।



**ਔਖੇ ਸ਼ਬਦਾਂ ਦੇ ਅਰਥ**

ਰੁਚੀ :ਦਿਲਚਸਪੀ
ਖੁੰਝ ਗਏ :ਰਹਿ ਗਏ

**ਔਖੇ ਸ਼ਬਦਾਂ ਦੇ ਅਰਥ**

ਮੱਲਾਂ : ਪ੍ਰਾਪਤੀਆਂ

ਨਾਮਣਾ : ਪ੍ਰਸਿੱਧ, ਮਸ਼ਹੂਰੀ, ਪ੍ਰਸੰਸਾ

ਉਨ੍ਹਾਂ ਨੇ ਇਕ ਛੋਟੇ ਹੋਵਰਕਰਾਫ਼ਟ (ਪਾਣੀ ਜਾਂ ਜ਼ਮੀਨ ਦੇ ਨੇੜੇ ਉੱਡ ਸਕਣ ਵਾਲਾ ਜਹਾਜ਼) ਦਾ ਨਿਰਮਾਣ ਕਰਕੇ ਆਪਣੇ ਪੇਸ਼ੇਵਰ ਜੀਵਨ ਦੀ ਸ਼ੁਰੂਆਤ ਕੀਤੀ। ਪਰ ਉਹ ਆਪਣੀ ਨੌਕਰੀ ਦੀ ਇਸ ਚੋਣ ਤੋਂ ਸੰਤੁਸ਼ਟ ਨਹੀਂ ਸਨ। ਫਿਰ ਉਹ ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਚਲੇ ਗਏ। ਉਥੇ ਉਹ ਪਹਿਲੇ ਭਾਰਤੀ ਲੌਂਜ ਵਹੀਕਲ (ਐੱਸ.ਐੱਲ.ਵੀ.-111) ਦੇ ਪ੍ਰੋਜੈਕਟ ਡਾਇਰੈਕਟਰ ਨਿਯੁਕਤ ਹੋਏ।

1982 ਵਿਚ ਡਾ. ਸਾਹਿਬ ਬਤੌਰ ਡਾਇਰੈਟਰ ਡੀ.ਆਰ.ਡੀ.ਓ. ਵਿਚ ਵਾਪਸ ਆ ਗਏ। ਇੱਥੇ ਉਨ੍ਹਾਂ ਨੇ ਸੰਗਠਿਤ ਨਿਰਦੇਸ਼ਤ ਮਿਸਾਇਲ ਵਿਕਾਸ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। 1992 ਵਿਚ ਉਹ ਭਾਰਤੀ ਰੱਖਿਆ ਮੰਤਰੀ ਦੇ ਸੀਨੀਅਰ ਵਿਗਿਆਨਕ ਸਲਾਹਕਾਰ ਬਣੇ। ਇਸ ਅਹੁਦੇ ਦੀ ਉਨ੍ਹਾਂ ਨੇ ਪ੍ਰਮਾਣੂ ਪਰਖਾਂ ਦੇ ਵਿਕਾਸ ਦੀ ਮੁਹਿੰਮ ਲਈ ਵਰਤੋਂ ਕੀਤੀ। ਮਈ 1998 ਦੀਆਂ ਪੋਖਰਨ-2 ਪਰਖਾਂ ਜਿਨ੍ਹਾਂ ਵਿਚ ਪੰਜ ਪ੍ਰਮਾਣੂ ਜੰਤਰਾਂ ਦਾ ਵਿਸਫ਼ੋਟ ਕੀਤਾ ਗਿਆ ਸੀ, ਵਿਚ ਡਾ. ਕਲਾਮ ਦੀ ਮੁੱਖ ਭੂਮਿਕਾ ਸੀ। ਇਨ੍ਹਾਂ ਪਰਖਾਂ ਦੀ ਦੁਨੀਆਂ ਦੀਆਂ ਹੋਰਨਾਂ ਤਾਕਤਾਂ ਨੇ ਨੁਕਤਾਚੀਨੀ ਕਰਦਿਆਂ ਪਾਬੰਦੀਆਂ ਲਗਾ ਦਿੱਤੀਆਂ ਸਨ। ਇਸ ਦੇ ਬਾਵਜੂਦ ਦੇਸ਼ ਦੀ ਰੱਖਿਆ ਦੇ ਖੇਤਰ ਵਿਚ ਕਲਾਮ ਇਕ ਰਾਸ਼ਟਰੀ ਹੀਰੋ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਏ।

ਵਿਗਿਆਨ ਦੇ ਖੇਤਰ ਵਿਚ ਮਾਰੀਆਂ ਮੱਲਾਂ ਕਾਰਨ ਕਲਾਮ ਸਾਹਿਬ ਨੂੰ ਖ਼ੂਬ ਪ੍ਰਸਿੱਧੀ ਮਿਲੀ। ਸਰਕਾਰੇ-ਦਰਬਾਰੇ ਉਨ੍ਹਾਂ ਦਾ ਮਾਨ-ਸਨਮਾਨ ਵਧਿਆ। ਸੰਨ 2002 ਵਿਚ ਰਾਸ਼ਟਰੀ ਸੱਤਾਧਾਰੀ ਲੋਕਰਾਜੀ ਗੱਠਜੋੜ (ਐੱਨ.ਡੀ.ਏ.) ਦੀ ਮਦਦ ਨਾਲ ਡਾ. ਏ.ਪੀ.ਜੇ. ਅਬਦੁਲ ਕਲਾਮ ਭਾਰਤ ਦੇ 11ਵੇਂ ਰਾਸ਼ਟਰਪਤੀ ਬਣ ਗਏ। ਇਸ ਅਹੁਦੇ ਉਪਰ ਵੀ ਉਨ੍ਹਾਂ ਨੇ ਚੰਗਾ ਨਾਮਣਾ ਖੱਟਿਆ। ਉਹ ਬਹੁਤ ਹੀ ਮਿਲਣਸਾਰ ਸਨ। ਉਨ੍ਹਾਂ ਨੇ ਆਪਣੇ ਰਾਸ਼ਟਰਪਤੀ-ਕਾਲ ਦੀ ਪੰਜ ਸਾਲਾ ਮਿਆਦ ਦੌਰਾਨ ਪੰਜ ਲੱਖ ਨੌਜੁਆਨਾਂ ਨਾਲ ਵਿਅਕਤੀਗਤ ਤੌਰ 'ਤੇ ਮੀਟਿੰਗਾਂ ਕਰਨ ਦਾ ਟੀਚਾ ਮਿਥਿਆ। ਉਨ੍ਹਾਂ ਨੂੰ 'ਪੀਪਲਜ਼ ਪਰੈਜ਼ੀਡੈਂਟ' ਕਰਾਰ ਦਿੱਤਾ ਗਿਆ।



ਰਾਸ਼ਟਰਪਤੀ ਦੇ ਅਹੁਦੇ ਤੋਂ ਸੇਵਾ-ਮੁਕਤ ਹੋਣ ਮਗਰੋਂ ਡਾ. ਕਲਾਮ ਨੇ ਕਈ ਵਿਦਿਅਕ ਸੰਸਥਾਵਾਂ ਵਿਚ ਬਤੌਰ ਵਿਜ਼ਿਟਿੰਗ ਪ੍ਰੋਫ਼ੈਸਰ ਪੜ੍ਹਾਉਣਾ ਸ਼ੁਰੂ ਕੀਤਾ। ਉਹ ਸਮੱਸਿਆਵਾਂ ਦੇ ਸੁਝਾਅ ਨਹੀਂ ਬਲਕਿ ਉਨ੍ਹਾਂ ਦੇ ਹੱਲ ਦਿੰਦੇ ਸਨ। ਦੇਸ਼ ਲਈ ਉਹ ਹਮੇਸ਼ਾ ਫ਼ਿਕਰਮੰਦ ਰਹਿੰਦੇ ਸਨ। ਮਈ 2012 ਵਿਚ ਡਾ.

ਸਾਹਿਬ ਨੇ ਭ੍ਰਿਸ਼ਟਾਚਾਰ ਖ਼ਤਮ ਕਰਨ ਦੇ ਮਕਸਦ ਨਾਲ ਭਾਰਤ ਦੇ ਨੌਜੁਆਨਾਂ ਲਈ 'ਵਟ ਕੈਨ ਆਈ ਗਿਵ ਮੂਵਮੈਂਟ' ਦੀ ਸ਼ੁਰੂਆਤ ਕੀਤੀ। ਉਨ੍ਹਾਂ ਦਾ ਮੰਨਣਾ ਸੀ ਕਿ ਜੇਕਰ ਕਿਸੇ ਦੇਸ਼ ਨੂੰ ਭ੍ਰਿਸ਼ਟਾਚਾਰ-ਰਹਿਤ ਤੇ ਸੁੰਦਰ ਮਨ ਵਾਲੇ ਲੋਕਾਂ ਦਾ ਦੇਸ਼ ਬਣਾਉਣਾ ਹੈ ਤਾਂ ਸਮਾਜ ਦੇ ਤਿੰਨ ਪ੍ਰਮੁੱਖ ਮੈਂਬਰ ਪਿਤਾ, ਮਾਤਾ ਅਤੇ ਗੁਰੂ ਇਹ ਕੰਮ ਕਰ ਸਕਦੇ ਹਨ। ਆਪਣੀ ਕਿਤਾਬ 'ਇੰਡੀਆ 2000' ਵਿਚ ਡਾ. ਕਲਾਮ ਨੇ ਭਾਰਤ ਨੂੰ 'ਨਾਲੇਜ ਸੁਪਰਪਾਵਰ' ਬਣਾਉਣ ਵਾਲੀ ਕਾਰਜ-ਯੋਜਨਾ ਦੀ ਵਕਾਲਤ ਕੀਤੀ ਸੀ। ਉਨ੍ਹਾਂ ਨੇ ਭਾਰਤ ਦੇ ਪ੍ਰਮਾਣੂ ਹਥਿਆਰਾਂ ਦੇ ਪ੍ਰੋਗਰਾਮ ਨੂੰ ਭਾਰਤ ਦੀ ਭਾਵੀ ਮਹਾਂਸ਼ਕਤੀ ਲਈ ਇਕ ਰਾਹ ਕਰਾਰ ਦਿੱਤਾ। ਇਸ ਖ਼ਾਤਰ ਉਨ੍ਹਾਂ ਨੇ ਪੰਜ ਖੇਤਰਾਂ ਦੀ ਪਛਾਣ ਕੀਤੀ। ਇਹ ਸਨ—ਖੇਤੀਬਾੜੀ ਤੇ ਖ਼ੁਰਾਕੀ ਵਸਤਾਂ, ਸਿੱਖਿਆ ਤੇ ਸਿਹਤ, ਸੂਚਨਾ ਤੇ ਸੰਚਾਰ ਤਕਨਾਲੋਜੀ, ਦੇਸ਼ ਦੇ ਹਰ ਹਿੱਸੇ ਲਈ ਭਰੋਸੇਯੋਗ ਤੇ ਮਿਆਰੀ ਬਿਜਲੀ ਊਰਜਾ, ਸੜਕੀ ਆਵਾਜਾਈ ਦਾ ਬੁਨਿਆਦੀ ਢਾਂਚਾ ਅਤੇ ਅਹਿਮ ਤਕਨਾਲੋਜੀਆਂ ਵਿਚ ਸਵੈ-ਨਿਰਭਰਤਾ। ਡਾ. ਕਲਾਮ ਨੇ ਕਿਹਾ ਕਿ ਇਹ ਸਾਰੇ ਖੇਤਰ ਇਕ-ਦੂਜੇ ਨਾਲ ਸੰਬੰਧਤ ਹਨ। ਜੇਕਰ ਇਹ ਸਾਰੇ ਇਕੱਠੇ ਅੱਗੇ ਵਧਣਗੇ ਤਾਂ ਇਸ ਨਾਲ ਦੇਸ਼ ਖ਼ੁਰਾਕ, ਆਰਥਿਕਤਾ ਅਤੇ ਰਾਸ਼ਟਰੀ ਸੁਰੱਖਿਆ ਦੇ ਖੇਤਰ ਵਿਚ ਅੱਗੇ ਵਧੇਗਾ। ਡਾ. ਕਲਾਮ ਦਾ ਮੰਨਣਾ ਸੀ ਕਿ ਸਾਫ਼ਟਵੇਅਰ ਦੀ ਵੱਡੀ ਪੱਧਰ ਉੱਪਰ ਵਰਤੋਂ ਨਾਲ ਵੱਧ ਤੋਂ ਵੱਧ ਲੋਕਾਂ ਤਕ ਸੂਚਨਾ ਤਕਨਾਲੋਜੀ ਦੇ ਫ਼ਾਇਦੇ ਪਹੁੰਚਣਗੇ। ਸਵੈਮਾਨ ਹਾਸਲ ਕਰਨ ਬਾਰੇ ਉਨ੍ਹਾਂ ਨੇ ਕਿਹਾ ਸੀ, "ਕੀ ਅਸੀਂ ਇਹ ਨਹੀਂ ਜਾਣਦੇ ਕਿ ਆਤਮ-ਸਨਮਾਨ ਆਤਮ-ਨਿਰਭਰਤਾ ਦੇ ਨਾਲ ਆਉਂਦਾ ਹੈ।"

ਅਬਦੁਲ ਕਲਾਮ ਤਿਆਗ ਦੀ ਮੂਰਤੀ ਸਨ। ਉਨ੍ਹਾਂ ਨੇ ਵਿਆਹ ਨਾ ਕਰਵਾ ਕੇ ਆਪਣੀ ਸਾਰੀ ਜ਼ਿੰਦਗੀ ਦੇਸ਼ ਦੇ ਲੇਖੇ ਲਾ ਦਿੱਤੀ। ਉਹ ਸਾਦਗੀ-ਪਸੰਦ ਇਨਸਾਨ ਸਨ। ਉਹ ਵੱਡੇ ਤੜਕੇ ਭਾਵ ਰਾਤ ਨੂੰ 2 ਵਜੇ ਸੌਂ ਕੇ ਸਵੇਰੇ ਸਾਢੇ ਛੇ-ਸੱਤ ਵਜੇ ਉੱਠਣ ਦੇ ਆਦੀ ਸਨ। ਉਨ੍ਹਾਂ ਦੀ ਸਾਦਾ ਰਹਿਣੀ-ਬਹਿਣੀ ਸੀ। ਉਨ੍ਹਾਂ ਨੇ ਕਦੇ ਟੀ.ਵੀ. ਨਹੀਂ ਰੱਖਿਆ। ਮੌਤ ਸਮੇਂ ਉਨ੍ਹਾਂ ਦੀਆਂ ਕੁਝ ਮਨਪਸੰਦ ਨਿੱਜੀ ਚੀਜ਼ਾਂ-ਵਸਤਾਂ ਪ੍ਰਾਪਤ ਹੋਈਆਂ। ਉਨ੍ਹਾਂ ਵਿਚ ਸ਼ਾਮਲ ਸਨ—ਕੁਝ ਕਿਤਾਬਾਂ, ਕੱਪੜੇ-ਲੱਤੇ, ਵੀਣਾ, ਸੀ.ਡੀ. ਪਲੇਅਰ ਤੇ ਲੈਪਟੌਪ। ਸੰਨ 2011 ਵਿਚ ਬਣੀ ਫ਼ਿਲਮ 'ਆਈ ਐਮ ਕਲਾਮ' ਵਿਚ ਉਨ੍ਹਾਂ ਨੂੰ ਗਰੀਬਾਂ ਦਾ ਮਸੀਹਾ ਦਰਸਾਇਆ ਗਿਆ ਹੈ। ਛੋਟੂ ਨਾਂ ਦੇ ਇਕ ਰਾਜਸਥਾਨੀ ਬੱਚੇ ਨੇ ਆਪਣੇ ਇਸ਼ਟ ਦੇ ਸਨਮਾਨ ਵਿਚ ਆਪਣਾ ਨਾਂ ਕਲਾਮ ਰੱਖਿਆ।

ਧਰਮ-ਨਿਰਪੱਖਤਾ ਸਾਰੀ ਉਮਰ ਡਾ. ਕਲਾਮ ਲਈ ਬਹੁਤ ਮਹੱਤਵਪੂਰਨ ਮੁੱਦਾ ਰਹੀ। ਉਨ੍ਹਾਂ ਦੀ ਇਹ ਭਾਵਨਾ ਉਨ੍ਹਾਂ ਵਲੋਂ ਪ੍ਰਮੁੱਖ ਸੁਆਮੀ ਜੀ ਨਾਲ ਅਧਿਆਤਮਕ ਅਨੁਭਵ ਬਾਰੇ ਲਿਖੀ ਇਕ ਕਿਤਾਬ ਵਿਚੋਂ ਪ੍ਰਗਟ ਹੁੰਦੀ ਹੈ। ਰੋਜ਼ਾਨਾ ਨਮਾਜ਼ ਤੇ ਰਮਜ਼ਾਨ ਦੇ ਰੋਜ਼ੇ ਡਾ. ਕਲਾਮ ਦੇ ਧਾਰਮਕ ਵਿਸ਼ਵਾਸਾਂ ਵਿਚ ਸ਼ਾਮਿਲ ਸਨ। ਉਨ੍ਹਾਂ ਦੇ ਪਿਤਾ ਨੇ ਆਪਣੇ ਬੱਚਿਆਂ ਵਿਚ ਧਾਰਮਿਕ ਸੰਸਕਾਰ ਕੁੱਟ-ਕੁੱਟ ਕੇ ਭਰੇ ਹੋਏ ਸਨ। ਉਹ ਨੌਜੁਆਨ ਕਲਾਮ ਦੇ

**ਔਖੇ ਸ਼ਬਦਾਂ ਦੇ ਅਰਥ**

ਵਕਾਲਤ : ਹੱਕ ਵਿਚ ਭੁਗਤਣਾ ਜਾਂ ਬਿਆਨ ਦੇਣਾ

ਭਾਵੀ : ਭਵਿੱਖ ਦੀ

**ਔਖੇ ਸ਼ਬਦਾਂ ਦੇ ਅਰਥ**

ਮਿਆਰੀ : ਉੱਚ ਪੱਧਰ ਦੀ, ਉੱਚ ਦਰਜੇ ਵਾਲੀ, ਉੱਚ ਕੋਟੀ ਵਾਲੀ

ਲੇਖੇ : ਨਾਂ

ਇਸ਼ਟ : ਪੂਜਣਯੋਗ, ਮਨਭਾਉਂਦੀ ਸ਼ਖ਼ਸੀਅਤ

ਰਮਜ਼ਾਨ : ਹਿਜਰੀ ਕਲੰਡਰ ਮੁਤਾਬਕ ਮੁਸਲਮਾਨਾਂ ਦਾ ਨੌਂਵਾਂ ਮਹੀਨਾ, ਜਦੋਂ ਉਹ ਰੋਜ਼ੇ /ਵਰਤ ਰੱਖਦੇ ਹਨ।

**ਔਖੇ ਸ਼ਬਦਾਂ ਦੇ ਅਰਥ**

ਪ੍ਰਵਚਨ : ਬਚਨ
ਗੁੜ੍ਹਤੀ : ਜਨਮ ਘੁੱਟੀ, ਇੱਥੇ ਮੁੱਢਲੀ ਸਿੱਖਿਆ ਤੋਂ ਭਾਵ
ਆਸਥਾ : ਵਿਸ਼ਵਾਸ, ਭਰੋਸਾ, ਯਕੀਨ
ਵਾਕਫ਼ : ਜਾਣਕਾਰ, ਜਾਣਦੇ
ਸ਼ਾਕਾਹਾਰੀ : ਮਾਸ ਨਾ ਖਾਣ ਵਾਲਾ
ਇਕਮੁੱਠ : ਏਕਤਾ ਵਾਲੇ
ਚੁਣੌਤੀਆਂ : ਵੰਗਾਰਾਂ
ਵਕਾਲਤ : ਤਰਫ਼ਦਾਰੀ, ਹੱਕ ਵਿਚ ਭੁਗਤਣਾ
ਉਸਾਰੂ : ਪ੍ਰਗਤੀ ਵਾਲੀ, ਹਾਂ-ਪੱਖੀ

ਅੰਤਰ-ਧਰਮ ਵਿਸ਼ਵਾਸ ਅਤੇ ਪ੍ਰਵਚਨ ਵਾਲੇ ਗੁਣ ਤੋਂ ਬਹੁਤ ਪ੍ਰਭਾਵਿਤ ਸਨ। ਦੇਸ਼ ਦੇ ਧਾਰਮਕ, ਸਮਾਜਕ ਤੇ ਸਿਆਸੀ ਨੇਤਾਵਾਂ ਵਿਚਕਾਰ ਗੱਲਬਾਤ ਤੇ ਪ੍ਰਵਚਨ ਦੀ ਗੁੜ੍ਹਤੀ ਉਨ੍ਹਾਂ ਨੂੰ ਘਰ ਵਿਚੋਂ ਹੀ ਪ੍ਰਾਪਤ ਹੋਈ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਮਹਾਨ ਲੋਕਾਂ ਲਈ ਧਰਮ 'ਦੋਸਤ' ਬਣਾਉਣ ਦਾ ਇਕ ਮਾਧਿਅਮ ਹੈ, ਜਦਕਿ ਛੋਟੀ ਸੋਚ ਵਾਲੇ ਲੋਕਾਂ ਲਈ ਇਹ ਲੜਨ ਦਾ ਸਾਧਨ ਹੈ। ਉਨ੍ਹਾਂ ਨੇ ਇਹ ਗੱਲ ਜ਼ੋਰ ਨਾਲ ਉਠਾਈ ਕਿ ਕਿਸੇ ਵੀ ਧਰਮ ਵਿਚ ਆਪਣੇ ਧਰਮ ਨੂੰ ਬਰਕਰਾਰ ਰੱਖਣ ਜਾਂ ਉਸ ਨੂੰ ਅੱਗੇ ਵਧਾਉਣ ਲਈ ਦੂਜਿਆਂ ਨੂੰ ਮਾਰਨਾ ਨਹੀਂ ਦੱਸਿਆ ਗਿਆ। ਇਸਲਾਮ ਅਤੇ ਕੁਰਾਨ ਸ਼ਰੀਫ਼ ਵਿਚ ਆਸਥਾ ਦੇ ਨਾਲ-ਨਾਲ ਕਲਾਮ ਹਿੰਦੂ ਰਿਵਾਇਤਾਂ ਤੋਂ ਵੀ ਵਾਕਫ਼ ਸਨ। ਉਨ੍ਹਾਂ ਨੇ ਸੰਸਕ੍ਰਿਤ ਭਾਸ਼ਾ ਸਿੱਖ ਕੇ ਭਗਵਤ ਗੀਤਾ ਪੜ੍ਹੀ। ਉਹ ਸ਼ਾਕਾਹਾਰੀ ਸਨ। ਉਨ੍ਹਾਂ ਨੇ ਸਵਾਮੀ ਨਾਰਾਇਣ ਸੰਪਰਦਾ ਦੇ ਗੁਰੂ ਪ੍ਰਮੁੱਖ ਸੁਆਮੀ ਨੂੰ ਆਪਣਾ ਆਖ਼ਰੀ ਧਾਰਮਕ ਗੁਰੂ ਮੰਨਿਆ। ਰਾਸ਼ਟਰਪਤੀ ਬਣਨ ਉਪਰੰਤ ਪਾਰਲੀਮੈਂਟ ਵਿਚ ਦਿੱਤੇ ਆਪਣੇ ਮੁੱਢਲੇ ਭਾਸ਼ਨਾਂ ਵਿਚ ਡਾ. ਕਲਾਮ ਨੇ ਕਿਹਾ ਸੀ ਕਿ ਉਹ ਵਧੇਰੇ ਇਕਮੁੱਠ ਭਾਰਤ ਲਈ ਕੋਸ਼ਿਸ਼ਾਂ ਕਰਨੀਆਂ ਚਾਹੁੰਦੇ ਹਨ।

ਵਿਕਾਸ ਬਾਰੇ ਡਾ. ਕਲਾਮ ਦੀ ਸੋਚ ਬਹੁਤ ਸਪਸ਼ਟ ਸੀ। ਦਹਿਸ਼ਤਵਾਦ, ਅੰਦਰੂਨੀ ਵਿਵਾਦ ਤੇ ਬੇਰੁਜ਼ਗਾਰੀ ਨੂੰ ਉਹ ਮੁੱਖ ਚੁਣੌਤੀਆਂ ਮੰਨਦੇ ਸਨ। ਉਨ੍ਹਾਂ ਨੇ ਗਰੀਬਾਂ ਨੂੰ ਸਿਹਤਮੰਦ ਬਣਾਉਣ ਅਤੇ ਪੜ੍ਹਾਉਣ ਦੀ ਵਕਾਲਤ ਕੀਤੀ। ਉਨ੍ਹਾਂ ਦਾ ਮੰਨਣਾ ਸੀ ਕਿ ਰੋਗ-ਮੁਕਤੀ, ਉਤਪਾਦਨ ਤੇ ਸੁਰੱਖਿਆ ਦੇਸ਼ ਨੂੰ ਅੱਗੇ ਲਿਜਾਣ ਵਿਚ ਸਹਾਈ ਹੋ ਸਕਦੇ ਹਨ। ਉਸਾਰੂ ਅਰਥ-ਵਿਵਸਥਾ ਤੇ ਪ੍ਰਬੰਧਕੀ ਸਮਰੱਥਾ ਨਾਲ ਦੁਨੀਆਂ ਵਿਚ ਆਪਣਾ ਵਕਾਰ ਬਣਾਇਆ ਜਾ ਸਕਦਾ ਹੈ। ਲੋਕਰਾਜੀ ਪ੍ਰਣਾਲੀ ਵਿਚ ਸੰਵਿਧਾਨ ਦਾ ਪਾਲਣ ਕਰਨਾ ਬਹੁਤ ਜ਼ਰੂਰੀ ਹੈ। ਔਰਤਾਂ ਸਮੇਤ ਸਭ ਨੂੰ ਅਧਿਕਾਰਾਂ ਦਾ ਗਿਆਨ ਹੋਣਾ ਚਾਹੀਦਾ ਹੈ। ਡਾ. ਕਲਾਮ ਨੇ ਸਰਬ-ਧਰਮ ਵਾਲੀ ਸੋਚ ਨੂੰ ਦੇਸ਼ ਦੀ ਤਾਕਤ ਕਰਾਰ ਦਿੱਤਾ। ਆਪਣੀ ਸਖ਼ਤ ਮਿਹਨਤ ਰਾਹੀਂ ਡਾ. ਕਲਾਮ ਨੇ ਨੇਕ ਵਿਚਾਰਾਂ ਦਾ ਨਿਰਮਾਣ ਕੀਤਾ। ਉਹ ਕਿਹਾ ਕਰਦੇ ਸਨ 'ਸੁਪਨੇ ਉਹ ਨਹੀਂ ਹੁੰਦੇ ਜੋ ਤੁਸੀਂ ਨੀਂਦ ਵਿਚ ਵੇਖਦੇ ਹੋ ਬਲਕਿ ਸੁਪਨੇ ਉਹ ਹੁੰਦੇ ਹਨ ਜੋ ਤੁਹਾਨੂੰ ਸੌਣ ਨਹੀਂ ਦਿੰਦੇ।'



27 ਜੁਲਾਈ, 2015 ਨੂੰ ਡਾ. ਕਲਾਮ 83 ਵਰ੍ਹਿਆਂ ਦੀ

ਉਮਰ ਵਿਚ ਇਸ ਦੁਨੀਆ ਨੂੰ ਅਲਵਿਦਾ ਆਖ ਗਏ। ਉਹ ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ ਵਿਚ ਭਾਸ਼ਨ ਦੇ ਰਹੇ ਸਨ ਕਿ ਉਨ੍ਹਾਂ ਦਾ ਦਿਲ ਦੇ ਦੌਰੇ ਨਾਲ ਦਿਹਾਂਤ ਹੋ ਗਿਆ। 30 ਜੁਲਾਈ, 2015 ਨੂੰ ਉਨ੍ਹਾਂ ਦੇ ਆਪਣੇ ਸੂਬੇ ਵਿਚ ਪੂਰੇ ਸਰਕਾਰੀ ਸਨਮਾਨਾਂ ਨਾਲ ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਤਾਮਿਲਨਾਡੂ ਸਰਕਾਰ ਨੇ ਵਿਗਿਆਨੀਆਂ ਤੇ ਮਾਨਵੀ ਵਿਸ਼ਿਆਂ ਨੂੰ ਉਤਸ਼ਾਹਤ ਕਰਨ ਵਾਲੇ ਲੋਕਾਂ ਲਈ 'ਡਾ. ਏ.ਪੀ.ਜੇ. ਅਬਦੁਲ ਕਲਾਮ ਐਵਾਰਡ' ਨਾਂ ਦਾ ਇਕ ਇਨਾਮ ਵੀ ਸ਼ੁਰੂ ਕੀਤਾ। ਉਨ੍ਹਾਂ ਦੇ ਜਨਮ ਦਿਨ 15 ਅਕਤੂਬਰ ਨੂੰ 'ਨੌਜੁਆਨ ਪੁਨਰ- ਜਾਗਰਨ ਦਿਵਸ' ਵਜੋਂ ਐਲਾਨਿਆ ਗਿਆ।

ਡਾ. ਅਬਦੁਲ ਕਲਾਮ ਨੂੰ 40 ਯੂਨੀਵਰਸਿਟੀਆਂ ਨੇ ਡਾਕਟਰੇਟ ਦੀ ਆਨਰੇਰੀ ਡਿਗਰੀ ਨਾਲ ਨਿਵਾਜਿਆ। ਸਰਕਾਰੀ ਰੱਖਿਆ ਤਕਨਾਲੋਜੀ ਦੇ ਨਵੀਨੀਕਰਨ ਲਈ ਉਨ੍ਹਾਂ ਨੂੰ ਭਾਰਤ ਦੇ ਸਰਬ ਉੱਚ ਸਿਵਲ ਇਨਾਮਾਂ ਪਦਮ ਭੂਸ਼ਨ (1981), ਪਦਮ ਵਿਭੂਸ਼ਨ (1990) ਤੇ ਭਾਰਤ ਰਤਨ (1997) ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਸਵੈ-ਜੀਵਨੀ 'ਵਿੰਗਜ਼ ਆਫ਼ ਫ਼ਾਇਰ' ਸਮੇਤ ਕਈ ਪੁਸਤਕਾਂ ਦੀ ਰਚਨਾ ਕੀਤੀ। ਕਿਹਾ ਜਾਂਦਾ ਹੈ ਕਿ ਦੱਖਣੀ ਕੋਰੀਆ ਵਿਚ ਉਨ੍ਹਾਂ ਦੀਆਂ ਲਿਖੀਆਂ ਕਿਤਾਬਾਂ ਦੇ ਅਨੁਵਾਦ ਪੜ੍ਹਨ ਦੀ ਵੱਡੀ ਮੰਗ ਰਹੀ ਹੈ। ਕਲਾਮ ਦੇ ਨਾਮ ਉਪਰ ਦੇਸ਼ ਵਿਚ ਕਈ ਸੰਸਥਾਵਾਂ ਸਥਾਪਤ ਕੀਤੀਆਂ ਗਈਆਂ ਹਨ। ਨਿਰਸੰਦੇਹ ਉਹ ਹਰ ਦੇਸ਼ਵਾਸੀ ਦੇ ਪ੍ਰੇਰਣਾ-ਸਰੋਤ ਹਨ।

**ਡਾ. ਪ੍ਰਿਥਵੀ ਰਾਜ ਥਾਪਰ**

**ਔਖੇ ਸ਼ਬਦਾਂ ਦੇ ਅਰਥ**

ਅਲਵਿਦਾ : ਵਿਦਾ ਹੋਣਾ, ਛੱਡ ਕੇ ਚਲੇ ਜਾਣਾ

ਨਵੀਨੀਕਰਨ : ਨਵਾਂ ਬਣਾਉਣਾ, ਨਵਾਂ ਰੂਪ ਦੇਣਾ

ਨਿਰਸੰਦੇਹ : ਬਿਨਾ ਸ਼ੱਕ, ਨਿਸ਼ਚਿਤ ਰੂਪ ਨਾਲ

## ਟਿੱਪਣੀ

ਇਸ ਜੀਵਨੀ ਵਿਚ ਸਾਨੂੰ ਇਕ ਪ੍ਰਸਿੱਧ ਵਿਗਿਆਨੀ ਅਤੇ ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਏ.ਪੀ.ਜੇ. ਅਬਦੁਲ ਕਲਾਮ ਦੇ ਜੀਵਨ ਬਾਰੇ ਪਤਾ ਚਲਦਾ ਹੈ। ਦੇਸ਼ ਦੀ ਹਰ ਤਰ੍ਹਾਂ ਦੀ ਤਰੱਕੀ ਦਾ ਜਜ਼ਬਾ ਉਨ੍ਹਾਂ ਅੰਦਰ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਇਕ ਵਿਗਿਆਨੀ ਦੇ ਤੌਰ ਉੱਤੇ ਉਨ੍ਹਾਂ ਨੇ ਖੋਜ ਕਰਕੇ ਕਈ ਪਰਖਾਂ ਤੇ ਤਜ਼ਰਬਿਆਂ ਨੂੰ ਜਨਮ ਦਿੱਤਾ। ਰੱਖਿਆ ਦੇ ਖੇਤਰ ਵਿਚ ਉਨ੍ਹਾਂ ਨੇ ਆਪਣਾ ਲੋਹਾ ਮਨਵਾਇਆ। ਉਹ ਦੇਸ਼ ਦੇ ਰਾਸ਼ਟਰਪਤੀ ਵੀ ਬਣੇ। ਗ਼ੈਰ-ਸਿਆਸਤਦਾਨ ਹੋਣ ਦੇ ਬਾਵਜੂਦ ਉਨ੍ਹਾਂ ਨੇ ਆਪਣੀ ਇਹ ਜ਼ਿੰਮੇਵਾਰੀ ਵੀ ਬਾਖ਼ੂਬੀ ਨਿਭਾਈ। ਉਨ੍ਹਾਂ ਨੇ ਕਈ ਮੁਹਿੰਮਾਂ ਚਲਾ ਕੇ ਦੇਸ਼ ਨੂੰ ਤਰੱਕੀ ਦਾ ਰਸਤਾ ਵਿਖਾਇਆ। ਇਸ ਲਈ ਉਨ੍ਹਾਂ ਨੇ ਵਿਗਿਆਨ ਤੇ ਸੂਚਨਾ ਤਕਨਾਲੋਜੀ ਨੂੰ ਪ੍ਰਮੁੱਖਤਾ ਦਿੱਤੀ। ਸਾਦਾ ਰਹਿਣੀ-ਬਹਿਣੀ ਦੇ ਮਾਲਿਕ ਡਾ. ਕਲਾਮ ਨੇ ਲੋਕਾਂ ਨੂੰ ਧਾਰਮਕ ਏਕਤਾ ਬਰਕਰਾਰ ਰੱਖਣ ਦਾ ਸਬਕ ਪੜ੍ਹਾਇਆ। ਆਪਣੀ ਮੌਤ ਸਮੇਂ ਵੀ ਉਹ ਕਾਰਜਸ਼ੀਲ ਸਨ। ਇਕ ਭਾਸ਼ਨ ਦੌਰਾਨ ਦਿਲ ਦੇ ਦੌਰੇ ਨਾਲ ਉਨ੍ਹਾਂ ਦੀ ਮੌਤ ਹੋਈ। ਉਨ੍ਹਾਂ ਦੇ ਜੀਵਨ ਦੀ ਆਖ਼ਰੀ ਘਟਨਾ ਵੀ 'ਕੰਮ ਹੀ ਪੂਜਾ' ਦੇ ਸਿਧਾਂਤ ਨੂੰ ਹੋਰ ਦ੍ਰਿੜ੍ਹ ਕਰਦੀ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਡਾ. ਕਲਾਮ ਨੇ ਆਪਣੇ ਪੇਸ਼ੇਵਰ ਜੀਵਨ ਦੀ ਸ਼ੁਰੂਆਤ ਕਿਥੋਂ ਕੀਤੀ ?

(ii) ਡਾ. ਕਲਾਮ ਦੀ ਮੌਤ ਕਦੋਂ ਕੇ ਕਿੰਨੀ ਉਮਰ ਵਿਚ ਹੋਈ ?

(iii) ਡਾ. ਅਬਦੁਲ ਕਲਾਮ ਦੀ ਰਹਿਣੀ-ਬਹਿਣੀ ਕਿਹੋ ਜਿਹੀ ਸੀ ?

(iv) ਧਰਮ ਬਾਰੇ ਡਾ. ਕਲਾਮ ਦੇ ਕੀ ਵਿਚਾਰ ਸਨ ?

(v) ਦੇਸ਼ ਦੀ ਤਰੱਕੀ ਲਈ ਡਾ. ਅਬਦੁਲ ਕਲਾਮ ਨੇ ਕਿੰਨਾਂ ਚੀਜ਼ਾਂ ਨੂੰ ਜ਼ਰੂਰੀ ਦੱਸਿਆ?

(vi) ਡਾ. ਕਲਾਮ ਨੇ ਬੀ.ਏ. ਦੀ ਪੜ੍ਹਾਈ ਕਿੱਥੋਂ ਕੀਤੀ ?

(vii) ਕਲਾਮ ਸਾਹਿਬ ਉਪਰ ਉਨ੍ਹਾਂ ਦੇ ਪਿਤਾ ਦੀਆਂ ਕਿਹੜੀਆਂ ਗੱਲਾਂ ਦਾ ਪ੍ਰਭਾਵ ਪਿਆ।

(viii) ਡਾ. ਕਲਾਮ ਨੂੰ ਭਾਰਤ ਦੇ ਕਿਹੜੇ ਵੱਡੇ ਸਨਮਾਨ ਹਾਸਲ ਹੋਏ ?

## ਆਉ ਕੁਝ ਹੋਰ ਕਰੀਏ

**ੳ. ਪਾਠ ਤੋਂ ਅੱਗੇ**

(i) ਦੇਸ਼ ਦੀ ਸੇਵਾ ਕਰਨ ਵਾਲੇ ਕਿਸੇ ਹੋਰ ਵਿਗਿਆਨੀ ਬਾਰੇ ਜਾਣਕਾਰੀ ਦਿਉ ?

(ii) ਕੀ ਤੁਸੀਂ ਇਕ ਅਜਿਹੀ ਔਰਤ ਵਿਗਿਆਨੀ ਨੂੰ ਜਾਣਦੇ ਹੋ ਜੋ ਆਪਣੇ ਪ੍ਰਯੋਗ ਸਮੇਂ ਦੇਸ਼ ਲਈ ਜਾਨ ਕੁਰਬਾਨ ਕਰ ਗਈ ਸੀ। ਉਸ ਦੀਆਂ ਪ੍ਰਾਪਤੀਆਂ ਦਾ ਵੇਰਵਾ ਦਿਉ।

(iii) ਕੀ ਤੁਹਾਡੇ ਮਨ ਵਿਚ ਕਦੇ ਡਾ. ਅਬਦੁਲ ਕਲਾਮ ਵਾਂਗ ਕੁਝ ਨਵਾਂ ਕਰਨ ਦੀ ਇੱਛਾ ਪੈਦਾ ਹੋਈ ਹੈ ? ਇਸ ਬਾਰੇ ਆਪਣੇ ਵਿਚਾਰ ਪੇਸ਼ ਕਰੋ।

(iv) ਡਾ. ਅਬਦੁਲ ਕਲਾਮ ਦੇ ਜੀਵਨ ਤੋਂ ਸਾਨੂੰ ਕਿਹੜੀਆਂ ਮਾਨਵੀ ਕਦਰਾਂ-ਕੀਮਤਾਂ ਦੀ ਸਿੱਖਿਆ ਮਿਲਦੀ ਹੈ ? ਉਦਾਹਰਨਾਂ ਸਹਿਤ ਲਿਖੋ।

**ਅ. ਹੇਠ ਲਿਖੇ ਵਾਕਾਂ ਵਿਚੋਂ ਸਹੀ ਵਿਸਮਿਕ ਦੀ ਚੋਣ ਕਰੋ :**

(i) 'ਆਹਾ ! ਸਾਡੀ ਪਰਖ ਸਫ਼ਲ ਹੋ ਗਈ।

(ੳ) ਅਫ਼ਸੋਸ ਵਾਲਾ (ਅ) ਲਾਹਨਤ ਵਾਲਾ

(ੲ) ਖ਼ੁਸ਼ੀ ਵਾਲਾ (ਸ) ਸ਼ਾਬਾਸ਼ ਵਾਲਾ

(ii) 'ਕਾਸ਼ ! ਮੇਰਾ ਦੇਸ਼ ਭ੍ਰਿਸ਼ਟਾਚਾਰ ਮੁਕਤ ਹੁੰਦਾ।'

(ੳ) ਇੱਛਿਆ-ਵਾਚਕ (ਅ) ਪ੍ਰਸ਼ਨ-ਵਾਚਕ

(ੲ) ਹੈਰਾਨੀ ਵਾਚਕ (ਸ) ਅਸੀਸ ਵਾਚਕ

ੲ. (i) **ਹੇਠ ਲਿਖਿਆਂ ਵਿਚੋਂ ਸਹੀ ਸਮਾਸੀ ਸ਼ਬਦ ਕਿਹੜਾ ਹੈ :**

(ੳ) ਕੁਝ-ਕਿਤਾਬਾਂ (ਅ) ਅਬਦੁਲ-ਕਲਾਮ

(ੲ) ਰਹਿਣੀ-ਬਹਿਣੀ (ਸ) ਪੇਸ਼ੇਵਰ-ਜੀਵਨ

(ii) **ਇਸ ਜੀਵਨੀ ਵਿਚੋਂ ਕੁਝ ਹੋਰ ਸਮਾਸੀ ਸ਼ਬਦ ਲੱਭ ਕੇ ਉਨ੍ਹਾਂ ਦੇ ਵਾਕ ਬਣਾਉ।**

**ਹ. ਸਹੀ ਵਿਕਲਪ ਚੁਣੋ :**

(i) 'ਅਣ' ਅਗੇਤਰ ਵਾਲਾ ਸਹੀ ਸ਼ਬਦ ਚੁਣੋ :

(ੳ) ਅਣਸਫਲ (ਅ) ਅਣਥੱਕ

(ੲ) ਅਣਖੁਸ਼ਕਿਸਮਤ (ਸ) ਅਣਅੰਤ

(ii) 'ਮਨ' ਅਗੇਤਰ ਵਾਲਾ ਸ਼ਬਦ ਚੁਣੋ :

(ੳ) ਮਨਚਲਾ (ਅ) ਮਨਖੱਟੂ

(ੲ) ਮਨਪਸੰਦ (ਸ) ਮਨਜੀਵਨੀ

(iii) 'ਮੰਦ' ਪਿਛੇਤਰ ਵਾਲਾ ਸਹੀ ਸ਼ਬਦ ਚੁਣੋ :

(ੳ) ਸ਼ਰਮਮੰਦ (ਅ) ਖਾਨਦਾਨਮੰਦ

(ੲ) ਮਿਲਾਵਟਮੰਦ (ਸ) ਫ਼ਿਕਰਮੰਦ

(iv) 'ਸਾਰ' ਪਿਛੇਤਰ ਵਾਲਾ ਸਹੀ ਸ਼ਬਦ ਚੁਣੋ :

(ੳ) ਮਿਲਣਸਾਰ (ਅ) ਨਰਮਾਈਸਾਰ

(ੲ) ਮੱਤਹੀਣਸਾਰ (ਸ) ਚਮਤਕਾਰਸਾਰ

**ਹ. ਹੇਠਾਂ ਦਿੱਤੇ ਅਖਾਣਾਂ ਨੂੰ ਪੂਰਾ ਕਰੋ :**

(i) ਗਰੀਬਾਂ ਰੱਖੇ ਰੋਜ਼ੇ, ਦਿਨ ... ਆਏ।

(ੳ) ਛੋਟੇ (ਅ) ਠੰਢੇ

(ੲ) ਵੱਡੇ (ਸ) ਗਰਮ

(ii) ਜਿਉਂ-ਜਿਉਂ ਭਿੱਜੇ ..., ਤਿਉਂ-ਤਿਉਂ ਭਾਰੀ ਹੋਏ।

(ੳ) ਦਰੀ (ਅ) ਚੁੰਨੀ

(ੲ) ਚਾਦਰ (ਸ) ਕੰਬਲੀ